LM LABS

# Patient Instructions

**PUNJABI**

## ਟੱਟੀ ਦਾ ਸੈਂਪਲ ਕਿਵੇਂ ਇਕੱਠਾ ਕਰੀਏ How to collect a stool sample

☑ **ਕਲਚਰ ਅਤੇ ਸੰਵੇਦਨਸੀਲਤਾ Culture and Sensitivity**

☑ **ਇਲੈਕਟ੍ਰੋਲਾਈਟ, ਪੀਐਚ, ਫ਼ੈਟ ਅਤੇ ਪ੍ਰੋਫ਼ਰਿੰਜ਼ Stool for electrolytes, pH, fat, porphryins**

### ਤੁਹਾਨੂੰ ਕੀ ਕੁੱਝ ਚਾਹੀਦਾ ਹੈ

- ਪਲਾਸਟਿਕ ਦਾ ਭੋਜਨ ਵਾਲਾ ਇਕ ਸਾਫ ਡੱਬਾ, **ਜਾਂ**
- ਪਲਾਸਟਿਕ ਰੈਪ




### ਅਸੀਂ ਤੁਹਾਨੂੰ ਕੀ ਦਿੰਦੇ ਹਾਂ

-ਸੈਂਪਲ ਰੱਖਣ ਲਈ ਕੀਟਾਣੂ-ਰਹਿਤ ਬਿਲਕੁਲ ਸਾਫ਼ ਸ਼ੀਸ਼ੀ
- ਇੱਕ ਲੱਕੜ ਦੀ ਤੀਲੀ
- ਬਾਇਓਹੈਜ਼ਰਡ ਨਮੂਨਾ ਬੈਗ

### ਸੈਂਪਲ ਕਿਵੇਂ ਇਕੱਠਾ ਕਰੋ

1. ਹਰੇਕ ਸੈਂਪਲ ਵਾਲੀ ਸ਼ੀਸ਼ੀ ਤੇ ਆਪਣਾ ਪੂਰਾ ਨਾਂ ਅਤੇ ਜਨਮ ਦੀ ਮਿਤੀ ਲਿਖੋ
2. ਪਹਿਲੇ ਪੇਸ਼ਾਬ ਕਰ ਲਓ ਅਤੇ ਫਿਰ ਆਪਣੀ ਟੱਟੀ ਦੇ ਸੈਂਪਲ ਨੂੰ ਇਕੱਠਾ ਕਰਨ ਲਈ ਤਿਆਰ ਹੋ ਜਾਓ।
3. ਜਦੋਂ ਤੁਸੀਂ ਟੱਟੀ ਕਰ ਰਹੇ ਹੋਵੋ ਤਾਂ ਕੁੱਝ ਟੱਟੀ ਇਕੱਠੀ ਕਰ ਲਓ:
   - ਆਪਣੇ ਥੱਲੇ ਪਲਾਸਟਿਕ ਦੇ ਭੋਜਨ ਵਾਲੇ ਡੱਬੇ ਨੂੰ ਫੜ੍ਹ ਕੇ

   **ਜਾਂ**
   - ਟਾੱਇਲਟ ਦੀ ਸੀਟ ਦੇ ਕੰਢੇ ਤੇ ਪਲਾਸਟਿਕ ਰੈਪ ਨੂੰ ਲਗਾ ਕੇ
4. ਸੈਂਪਲ ਇਕੱਠਾ ਕਰਨ ਤੇ ਤੁਰੰਤ ਬਾਅਦ, ਲੱਕੜੀ ਦੀ ਤੀਲੀ ਨਾਲ ਥੋੜੀ ਜਿਹੀ ਟੱਟੀ ਨੂੰ ਸੈਂਪਲ ਵਾਲੀ ਸ਼ੀਸ਼ੀ ਵਿੱਚ ਪਾ ਦਿਓ।
   - ਸੈਂਪਲ ਰੱਖਣ ਲਈ ਕੀਟਾਣੂ-ਰਹਿਤ ਸ਼ੀਸ਼ੀ- ਸ਼ੀਸ਼ੀ ਨੂੰ ਇੱਕ ਚਮਚ ਜਿੰਨ੍ਹਾ ਭਰ ਲਓ (ਜਾਂ ਇੱਕ ਅਖਰੋਟ ਜਿੰਨ੍ਹੇ ਅਕਾਰ ਦਾ)

   
5. ਹਰੇਕ ਸ਼ੀਸ਼ੀ ਦੇ ਢੱਕਣ ਨੂੰ ਕੱਸ ਕੇ ਬੰਦ ਕਰ ਲਓ।
6. ਬਾਕੀ ਦਾ ਟੱਟੀ ਦਾ ਸੈਂਪਲ ਟਾੱਇਲੇਟ ਵਿੱਚ ਰੱਖ ਦਿਓ। ਜੋ ਕੁੱਝ ਵੀ ਤੁਸੀਂ ਸੈਂਪਲ ਇਕੱਠਾ ਕਰਨ ਲਈ ਵਰਤਿਆ ਸੀ, ਉਸ ਨੂੰ ਇੱਕ ਪਲਾਸਟਿਕ ਬੈਗ ਵਿੱਚ ਇਕੱਠਾ ਕਰ ਲਓ ਅਤੇ ਕੂੜੇ ਵਿੱਚ ਸੁੱਟ ਦਿਓ।
7. ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਧੋਓ।
8. ਸੈਂਪਲ ਵਾਲੀਆਂ ਸ਼ੀਸ਼ੀਆਂ ਤੇ ਇਕੱਠਾ ਕਰਨ ਦੀ ਮਿਤੀ ਅਤੇ ਸਮੇਂ ਨੂੰ ਲਿਖੋ।
9. ਬਾਇਓਹੈਜ਼ਰਡ ਬੈਕ ਵਿੱਚ ਸੈਂਪਲ ਦੀਆਂ ਸ਼ੀਸ਼ੀਆਂ ਨੂੰ ਰੱਖੋ।
10. ਲੈਬੋਰੇਟਰੀ ਨੂੰ 2 ਘੰਟੇ ਦੇ ਵਿਚਕਾਰ ਸੈਂਪਲ ਵਾਪਸ ਪਹੁੰਚਾ ਦਿਓ।

ਜਦੋਂ ਟੱਟੀ ਦਾ ਸੈਂਪਲ ਇਕੱਠਾ ਕਰ ਰਹੇ ਹੋਵੋ ਤਾਂ ਕੋਸ਼ਿਸ਼ ਕਰੋ ਕਿ ਪੇਸ਼ਾਬ ਇਕੱਤਰ ਨਾ ਕਰ ਲਓ।

ਟਾੱਇਲਟ ਦੀ ਸੀਟ ਦੇ ਕਟੋਰੇ ਵਿੱਚੋਂ ਟੱਟੀ ਦਾ ਸੈਂਪਲ **ਨਾ ਲਓ** ਅਤੇ ਨਾਂ ਹੀ ਸੈਂਪਲ ਨੂੰ ਟਾੱਇਲਟ ਦੇ ਅੰਦਰਲੇ ਹਿੱਸੇ ਨਾਲ ਛੋਹਣ ਦਿਓ।

ਦੋ ਘੰਟੇ ਵਿਚਕਾਰ ਲੈਬੋਰੇਟਰੀ ਨਹੀਂ ਪਹੁੰਚ ਸਕਦੇ ਹੋ? ਫ੍ਰਿਜ ਵਿੱਚ ਰੱਖੋ। ਜਿੰਨੀ ਜਲਦੀ ਹੋ ਸਕੇ, ਲੈ ਕੇ ਆਓ।

October 2016
FH Catalogue #265365 VCH Print Shop # FA.140.H293.PU

Lower Mainland Pathology & Laboratory Medicine

fraserhealth
Providence HEALTH CARE How you want to be treated.
Provincial Health Services Authority Province-wide solutions. Better health.
Vancouver CoastalHealth Promoting wellness. Ensuring care.